# ਪਿੱਠ-ਭੂਮੀ 1

ਤੁਰੰਤ ਜਾਰੀ ਕਰਨ ਹਿਤ ਵਿੱਤ ਮੰਤਰਾਲਾ
2022FIN0005-000251
22 ਫ਼ਰਵਰੀ, 2022

## ਲੋਕਾਂ ਨੂੰ ਪਹਿਲ ਦੇ ਕੇ ਇੱਕ ਵਧੇਰੇ ਮਜ਼ਬੂਤ ਸਮਾਜ ਦਾ ਨਿਰਮਾਣ

ਅੱਜ ਦੀ ਤਾਰੀਖ਼ ਤੱਕ ਸਿਹਤ ਸੰਭਾਲ, ਬਾਲ ਸੰਭਾਲ ਅਤੇ ਰਿਹਾਇਸ਼ ਵਰਗੀਆਂ ਸੇਵਾਵਾਂ ਵਿੱਚ ਕੀਤੇ ਗਏ ਨਿਵੇਸ਼ ਨਾਲ ਲੋਕਾਂ ਨੂੰ ਇਸ ਮਹਾਮਾਰੀ ਅਤੇ ਹਾਲੀਆ ਜਲਵਾਯੂ ਸਬੰਧਤ ਆਫ਼ਤਾਂ ਵਿੱਚ ਮਿਲੀ ਹੈ। ਬਜਟ 2022 ਰਾਹੀਂ ਗੁਣਵੱਤਾ, ਪਹੁੰਚ-ਯੋਗਤਾ ਅਤੇ ਕਾਰਵਾਈ ਕਰਨ ਦੇ ਲਿਹਾਜ਼ ਨਾਲ ਨਿਵੇਸ਼ ਕਰਨਾ ਜਾਰੀ ਰੱਖਣ ਨਾਲ ਇਸ ਤਾਕਤ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ।

### ਕਿਫ਼ਾਇਤੀ, ਪਹੁੰਚ-ਯੋਗ ਅਤੇ ਗੁਣਵੱਤਾ ਪੂਰਣ ਬਾਲ ਸੰਭਾਲ

ਬਜਟ 2018 ਵਿੱਚ ਚਾਈਲਡ ਕੇਅਰ ਬੀ ਸੀ ਯੋਜਨਾ ਦੇ ਸ਼ੁਰੂ ਹੋਣ ਤੋਂ ਲੈ ਕੇ, ਸਰਕਾਰ ਨੇ ਕਿਫ਼ਾਇਤੀ, ਪਹੁੰਚ-ਯੋਗ ਅਤੇ ਉੱਚ-ਗੁਣਵੱਤਾ ਪੂਰਣ ਬਾਲ-ਸੰਭਾਲ ਸਿਸਟਮ ਦਾ ਨਿਰਮਾਣ ਕਰਨ ਵਾਸਤੇ $2.4 ਬਿਲੀਅਨ ਦਾ ਨਿਵੇਸ਼ ਕੀਤਾ ਹੈ ਤਾਂ ਕਿ ਇਹ ਨਿਸ਼ਚਿਤ ਕੀਤਾ ਜਾ ਸਕੇ ਕਿ ਲੋਕਾਂ, ਖ਼ਾਸਕਰ ਔਰਤਾਂ, ਕਾਰਜਬਲ ਦਾ ਹਿੱਸਾ ਬਣ ਸਕਣ। ਫ਼ੈਡਰਲ ਸਰਕਾਰ ਨਾਲ 2021 ਵਿੱਚ ਹਸਤਾਖ਼ਰ ਕੀਤੇ ਗਏ ਇੱਕ ਇਤਿਹਾਸਿਕ ਸਮਝੌਤੇ ਤੋਂ ਬਾਅਦ ਇਸ ਸਿਸਟਮ ਦੇ ਵਿਕਾਸ ਵਿੱਚ ਤੇਜ਼ੀ ਲਿਆਉਣ ਲਈ, ਬਜਟ 2022 ਰਾਹੀਂ ਹੇਠ ਦਿੱਤੀਆਂ ਚੀਜ਼ਾਂ ਲਈ ਹੋਰ ਨਿਵੇਸ਼ ਕੀਤੇ ਗਏ ਹਨ :

- ਹੋਰ ਥਾਵਾਂ:
  - 2018 ਵਿੱਚ 10-ਸਾਲਾ ਚਾਈਲਡ ਕੇਅਰ ਬੀ ਸੀ ਯੋਜਨਾ ਦੇ ਆਰੰਭ ਹੋਣ ਤੋਂ ਲੈ ਕੇ, ਸਰਕਾਰ ਨੇ 26,000 ਹਜ਼ਾਰ ਤੋਂ ਵੱਧ ਨਵੀਂਆਂ ਲਾਈਸੈਂਸਸ਼ੁਦਾ ਬਾਲ ਸੰਭਾਲ ਥਾਵਾਂ ਲਈ ਮਾਲੀ ਮਦਦ ਦਿੱਤੀ ਹੈ - ਜੋ ਕਿ ਬੀ ਸੀ ਦੇ ਇਤਿਹਾਸ ਵਿੱਚ ਸਭ ਤੋਂ ਤੇਜ਼ੀ ਨਾਲ ਅਜਿਹੀਆਂ ਥਾਂਵਾਂ ਬਣਾਉਣ ਦਾ ਕਾਰਜ ਹੈ।
  - ਫ਼ੈਡਰਲ ਸਰਕਾਰ ਨਾਲ ਨਵੇਂ ਸਾਂਝੇ ਸਮਝੋਤੇ ਰਾਹੀਂਜਿਸ ਅਧੀਨ, ਪੰਜਾਂ ਸਾਲਾਂ ਦੇ ਅੰਦਰ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ 30,000 ਨਵੀਂਆਂ ਥਾਵਾਂ ਮੁਹੱਈਆ ਕਰਵਾਈਆਂ ਜਾਣੀਆਂ ਹਨ ਅਤੇ ਸੱਤ ਸਾਲਾਂ ਦੌਰਾਨ 40,000 ਅਜਿਹੀਆਂ ਥਾਂਵਾਂ ਬਣਾਈਆ ਜਾਣਗੀਆਂ।
  - ਸਕੂਲ ਦੇ ਸਮੇਂ ਤੋਂ ਪਹਿਲਾਂ ਅਤੇ ਬਾਅਦ ਲਈ ਹੋਰ ਵਧੇਰੇ ਥਾਵਾਂ ਤਿਆਰ ਕਰਨਾ ਜਿਸ ਵਿੱਚ ਸੀਮਲੈੱਸ ਡੇ ਪ੍ਰੋਗਰਾਮ ਨੂੰ 24 ਸਕੂਲ ਡਿਸਟ੍ਰਿਕਟਾਂ ਤੋਂ ਵਧਾ ਕੇ 44 ਤੱਕ ਕਰਕੇ ਲੱਗਭਗ ਦੁੱਗਣਾ ਕਰਨਾ, ਅਤੇ ਜਸਟ ਬੀ4 ਪ੍ਰੋਗਰਾਮ ਦਾ ਦਾਇਰਾ 14 ਹੋਰ ਸਕੂਲ ਡਿਸਟ੍ਰਿਕਟਾਂ ਤੱਕ ਵਧਾਉਣਾ ਸ਼ਾਮਲ ਹੈ।
- ਘੱਟ ਫੀਸਾਂ:
  - ਬਜਟ 2022 ਰਾਹੀਂ ਸਰਕਾਰ ਦੀ ਯੋਜਨਾਬੱਧ $10 ਪ੍ਰਤੀਦਿਨ ਬਾਲ ਸੰਭਾਲ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਨਜ਼ਦੀਕ ਲਿਆਂਦਾ ਗਿਆ ਹੈ।
  - ਫ਼ੈਡਰਲ ਸਰਕਾਰ ਨਾਲ ਇੱਕ ਨਵੇਂ ਸਮਝੌਤੇ ਰਾਹੀਂ, ਪੂਰੇ ਦਿਨ ਲਈ ਨਵਜੰਮੇ ਅਤੇ ਛੋਟੇ ਬੱਚਿਆਂ ਦੀ ਦੇਖਭਾਲ ਲਈ ਫ਼ੀਸਾਂ ਨੂੰ 2022 ਦੇ ਅੰਤ ਤੱਕ 50% ਤੱਕ ਘੱਟ ਕਰ ਕੇ ਇਸ ਨੂੰ ਤਕਰੀਬਨ $20 ਪ੍ਰਤੀ ਦਿਨ ਦੀ ਔਸਤ ਤੱਕ ਲਿਆਂਦਾ ਜਾਏਗਾ।
  - ਬਜਟ 2022 ਵਿੱਚ ਪ੍ਰੀ-ਸਕੂਲ ਅਤੇ ਸਕੂਲ ਸਮੇਂ ਤੋਂ ਪਹਿਲਾਂ ਅਤੇ ਬਾਅਦ ਦੀ ਦੇਖਭਾਲ ਦੀਆਂ ਔਸਤ ਫ਼ੀਸਾਂ ਵਿੱਚ ਕਟੌਤੀ ਕਰਕੇ ਇਸ ਨੂੰ 2023-24 ਦੇ ਸਕੂਲ ਵਰ੍ਹੇ ਲਈ $20 ਪ੍ਰਤੀ ਦਿਨ ਤੋਂ ਘੱਟ ਤੱਕ ਲਿਆਉਣ ਲਈ ਨਿਵੇਸ਼ ਨੂੰ ਮਜ਼ਬੂਤ ਕੀਤਾ ਗਿਆ ਹੈ।

- ਗੁਣਵੱਤਾ ਪੂਰਣ ਦੇਖਭਾਲ:
  - ਅਜਿਹੇ ਅਰਲੀ ਚਾਈਲਡਹੁਡ ਐਜੂਕੇਟਰ (ਈ ਸੀ ਈ) ਜੋ ਆਪਣਾ 50% ਤੋਂ ਘੱਟ ਸਮਾਂ ਸਿੱਧੀ ਬਾਲ ਸੰਭਾਲ ਨਾਲ ਸਬੰਧਤ ਕੰਮਾਂ ਵਿੱਚ ਖ਼ਰਚ ਕਰਦੇ ਹਨ ਪਰ ਹਾਲੇ ਵੀ ਬਾਲ ਸੰਭਾਲ ਸੇਵਾਵਾਂ ਦੇ ਅੰਤਰਗਤ ਕੰਮ ਕਰ ਰਹੇ ਹਨ, ਲਈ ਉਜਰਤ ਵਿੱਚ ਵਾਧੇ ਦੇ ਪ੍ਰੋਗਰਾਮ ਦਾ ਦਾਇਰਾ ਵਧਾਉਣਾ।
  - ਬਾਲ ਸੰਭਾਲ ਸਹੂਲਤਾਂ ਨੂੰ ਪ੍ਰਮਾਣਤ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਨਵੇਂ ਲਾਈਸੈਂਸਿੰਗ ਅਧਿਕਾਰੀਆਂ ਦੀ ਗਿਣਤੀ ਵਿੱਚ ਵਾਧਾ ਕਰਨਾ।
  - ਡੂਅਲ ਕ੍ਰੈਡਿਟ ਪ੍ਰੋਗਰਾਮ ਦਾ ਦਾਇਰਾ 150 ਹੋਰ ਵਿਦਿਆਰਥੀਆਂ ਤੱਕ ਵਧਾਉਣਾ ਅਤੇ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ ਸਾਲਾਨਾ 130 ਹੋਰ ਸਿਖਲਾਈ ਸੀਟਾਂ ਪੈਦਾ ਕਰਨਾ।
- ਮੂਲਵਾਸੀ ਬਾਲ-ਸੰਭਾਲ:
  - ਐਬੋਰਿਜਨਲ ਹੈੱਡ ਸਟਾਰਟ ਪ੍ਰੋਗਰਾਮ ਨੂੰ ਮਜ਼ਬੂਤ ਕਰਨਾ ਜਿਸ ਰਾਹੀਂ ਮੂਲਵਾਸੀ ਬੱਚਿਆਂ ਲਈ ਸੱਭਿਆਚਾਰ-ਅਧਾਰਤ ਸਮਾਵੇਸ਼ੀ ਬਾਲ ਸੰਭਾਲ, ਮੁਢਲੀ ਸਿੱਖਿਆ ਅਤੇ ਪਰਿਵਾਰਕ ਮੇਲ ਜੋਲ ਲਈ ਅਵਸਰ ਪ੍ਰਦਾਨ ਕੀਤੇ ਜਾਂਦੇ ਹਨ।
  - ਮੂਲਵਾਸੀ ਅਧਿਕਾਰ-ਧਾਰਕਾਂ ਲਈ ਸਲਾਹ ਮਸ਼ਵਰੇ, ਯੋਜਨਾਬੰਦੀ ਅਤੇ ਸਮਰੱਥਾ ਦਾ ਨਿਰਮਾਣ ਕਰਨ ਲਈ ਨਿਵੇਸ਼ ਕਰਨਾ।

## ਸਿਹਤ ਅਤੇ ਮਾਨਸਕ ਸਿਹਤ ਸੇਵਾਵਾਂ ਦੀ ਮਜ਼ਬੂਤੀ

ਸਰੀਰਕ ਅਤੇ ਮਾਨਸਕ ਸਿਹਤ ਸੰਭਾਲ ਸੇਵਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਅਤੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਕੋਵਿਡ-19 ਮਹਾਮਾਰੀ ਤੋਂ ਸੁਰੱਖਿਅਤ ਰੱਖਣਾ ਸੂਬਾ ਸਰਕਾਰ ਦੀ ਸਭ ਤੋਂ ਵੱਡੀ ਤਰਜ਼ੀਹ ਰਹੇਗੀ। ਬਜਟ 2022 ਵਿੱਚ ਮਾਲੀ ਯੋਜਨਾ ਦੌਰਾਨ ਅਜਿਹੀਆਂ ਸਿਹਤ ਸੰਭਾਲ ਸੇਵਾਵਾਂ ਜਿਨ੍ਹਾਂ ਤੇ ਲੋਕ ਨਿਰਭਰ ਕਰਦੇ ਹਨ, ਲਈ ਮਾਲੀ ਮਦਦ ਦੇ ਰੂਪ ਵਿੱਚ ਅਤਿਰਿਕਤ $3.2 ਬਿਲੀਅਨ ਦਾ ਨਿਵੇਸ਼ ਕੀਤਾ ਗਿਆ ਹੈ ਜਿਸ ਰਾਹੀਂ ਅਜਿਹਾ ਕਰਨਾ ਸ਼ਾਮਲ ਹੈ:

- ਨਵੇਂ ਅਰਜੈਂਟ ਅਤੇ ਪ੍ਰਾਇਮਰੀ ਕੇਅਰ ਸੈਂਟਰ ਸ਼ਾਮਲ ਕਰ ਕੇ ਪ੍ਰਾਇਮਰੀ ਕੇਅਰ ਰਣਨੀਤੀ ਨੂੰ ਅੱਗੇ ਵਧਾਉਣਾ ਅਤੇ ਫਸਟ ਨੇਸ਼ਨਜ਼ ਹੈੱਲਥ ਅਥੌਰਿਟੀ ਨਾਲ ਭਾਈਵਾਲੀ ਅਧੀਨ ਕੰਮ ਕਰਨਾ ਤਾਂ ਕਿ ਪੂਰੇ ਸੂਬੇ ਵਿੱਚ 15 ਤੱਕ ਫ਼ਸਟ ਨੇਸ਼ਨਜ਼ ਪ੍ਰਾਇਮਰੀ ਕੇਅਰ ਸੈਂਟਰ ਕਾਇਮ ਕਰਨਾ ਜਾਰੀ ਰੱਖਿਆ ਜਾ ਸਕੇ।
- ਅਗਲੇ 3 ਸਾਲਾਂ ਦੌਰਾਨ ਬੁਨਿਆਦੀ ਬਜਟ ਵਿੱਚ ਨਵੀਂ ਮਾਲੀ ਮਦਦ ਦੇ ਰੂਪ ਵਿੱਚ $303 ਮਿਲੀਅਨ ਨਾਲ ਉਪਰੇਸ਼ਨਾਂ ਅਤੇ ਡਾਇਗਨੌਸਟਿਕ ਇਮੇਜਿੰਗ ਲਈ ਉਡੀਕ ਸੂਚੀਆਂ ਨੂੰ ਘਟਾਉਣ ਦੀ ਰਣਨੀਤੀ ਜਾਰੀ ਰੱਖੀ ਜਾਏਗੀ।
- ਬੀ ਸੀ ਐਮਰਜੈਂਸੀ ਹੈੱਲਥ ਸਰਵਿਸਜ਼ ਐਕਸ਼ਨ ਪਲੈਨ ਲਈ ਮਾਲੀ ਯੋਜਨਾ ਦੌਰਾਨ $148 ਮਿਲੀਅਨ ਨਾਲ, ਪੈਰਾਮੈਡਿਕਸ ਅਤੇ ਡਿਸਪੈਚਰਾਂ ਦੀ ਗਿਣਤੀ ਹੋਰ ਜ਼ਿਆਦਾ ਵਧਾ ਕੇ ਐਮਰਜੈਂਸੀ ਸਬੰਧੀ ਕਾਲਾਂ ਅਤੇ ਉਸ ਪ੍ਰਤੀ ਕਾਰਵਾਈ ਕਰਨ ਦੇ ਸਮੇਂ ਨੂੰ ਘਟਾਉਣਾ।
- ਅਜਿਹੇ ਹਜ਼ਾਰਾਂ ਸਹਾਇਕ ਸੇਵਾ ਕਾਮਿਆਂ, ਜਿਨ੍ਹਾਂ ਵਿੱਚ ਬਹੁਗਿਣਤੀ ਨਸਲੀ ਪਛਾਣ ਵਾਲੀਆਂ ਔਰਤਾਂ ਦੀ ਹੁੰਦੀ ਹੈ, ਲਈ ਉਜਰਤ, ਕੰਮ ਦੇ ਹਾਲਾਤ, ਨੌਕਰੀ ਦੀ ਸੁਰੱਖਿਆ ਅਤੇ ਸਥਿਰਤਾ ਵਿੱਚ ਸੁਧਾਰ ਕਰਨ ਦੇ ਨਾਲ-ਨਾਲ ਇਸ ਕੰਮ ਨੂੰ 20 ਸਾਲ ਤੱਕ ਪ੍ਰਾਈਵੇਟ ਕੰਪਨੀਆਂ ਰਾਹੀਂ ਠੇਕੇ 'ਤੇ ਕਰਾਏ ਕਰਾਏ ਜਾਣ ਤੋਂ ਬਾਅਦ ਇਨ੍ਹਾਂ ਕਾਮਿਆਂ ਨੂੰ ਵਾਪਸ ਜਨਤਕ ਖੇਤਰ ਵਿੱਚ ਲਿਆ ਕੇ ਮਰੀਜ਼ਾਂ ਲਈ ਨਤੀਜਿਆਂ ਵਿੱਚ ਸੁਧਾਰ ਕਰਨਾ।
- ਪਾਥਵੇ ਟੂ ਹੋਪ ਯੋਜਨਾ ਅਧੀਨ ਕਾਰਜਾਂ ਨੂੰ ਸਹਾਇਤਾ ਦੇਣਾ ਜਾਰੀ ਰੱਖਣਾ ਤਾਂ ਜੋ ਮਾਨਸਕ ਸਿਹਤ ਅਤੇ ਨਸ਼ਾਖੋਰੀ ਸਬੰਧੀ ਦੇਖਭਾਲ ਦਾ ਦਾਇਰਾ ਵਧਾਇਆ ਜਾ ਸਕੇ ਜਿਸ ਲਈ ਬਜਟ 2021 ਵਿੱਚ ਵੱਡੇ ਨਿਵੇਸ਼ਾਂ ਰਾਹੀਂ ਸਹਾਇਤਾ ਦਿੱਤੀ ਗਈ ਸੀ ਜਿਸ ਨਾਲ 2017 ਤੋਂ ਲੈ ਕੇ ਸਾਲਾਨਾ ਖ਼ਰਚੇ ਵੱਧ ਕੇ $375 ਮਿਲੀਅਨ ਸਾਲਾਨਾ ਤੋਂ ਉਪਰ ਹੋ ਗਏ ਹਨ।

ਬਜਟ 2022 ਰਾਹੀਂ ਪੈਨਡੈਮਿਕ ਰਿਕਵਰੀ ਕੰਟਨਜੈਂਸੀਜ਼ ਵਿੱਚੋਂ 2022-23 ਲਈ ਅਤਿਰਿਕਤ $875 ਮਿਲੀਅਨ ਦਾ ਵੀ ਨਿਵੇਸ਼ ਕੀਤਾ ਗਿਆ ਹੈ ਜੋ ਇਨ੍ਹਾਂ ਚੀਜਾਂ ਲਈ ਹੈ:

- ਲਗਾਤਾਰ ਜਾਰੀ ਕੋਵਿਡ-19 ਅਤੇ ਇਨਫਲੂਐਂਜ਼ਾ ਵੈਕਸੀਨੇਸ਼ਨ ਪ੍ਰੋਗਰਾਮ।
- ਸਿਹਤ-ਸੰਭਾਲ ਕਾਮਿਆਂ ਲਈ ਪੀ ਪੀ ਈ।
- ਲੌਂਗ ਟਰਮ ਕੇਅਰ ਅਤੇ ਅਸਿਸਟਿਡ ਲਿਵਿੰਗ ਸਹੂਲਤਾਂ ਵਿੱਚ ਖ਼ਤਰੇ ਅਧੀਨ ਵਸਨੀਕਾਂ ਲਈ ਕੋਵਿਡ-19 ਦੇ ਖ਼ਤਰੇ ਨੂੰ ਸੀਮਤ ਕਰਨ ਲਈ ਉੱਚ-ਪੱਧਰੀ ਉਪਾਅ।
- ਮੂਲਵਾਸੀ ਅਤੇ ਗ਼ੈਰ-ਮੂਲਵਾਸੀ ਭਾਈਚਾਰਿਆਂ ਲਈ ਵਧੇਰੇ ਮਾਨਸਕ ਸਿਹਤ ਸਬੰਧੀ ਸਹਾਇਤਾ ਸਾਧਨ।
- ਬੀ ਸੀ ਸੈਂਟਰ ਫੌਰ ਡਿਜ਼ੀਜ਼ ਕੰਟਰੋਲ ਲਈ ਮਾਲੀ ਮਦਦ।

## ਬੇਘਰੀ ਪ੍ਰਤੀ ਕਾਰਵਾਈ ਕਰਨਾ ਅਤੇ ਉਸ ਦੀ ਰੋਕਥਾਮ ਕਰਨਾ

ਬੇਘਰੀ ਦੀ ਰੋਕਥਾਮ ਕਰਨਾ ਅਤੇ ਬੇਘਰੀ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਸਥਾਈ ਰਿਹਾਇਸ਼ਾਂ ਹਾਸਲ ਕਰਨ ਵਿੱਚ ਤੇਜ਼ੀ ਨਾਲ ਮਦਦ ਕਰਨ ਲਈ ਕਾਰਵਾਈ ਕਰਨਾ, ਇਨ੍ਹਾਂ ਦੋਹਾਂ ਚੀਜ਼ਾਂ ਲਈ ਇੱਕ ਨਵੀਂ ਅੰਤਰ-ਸਰਕਾਰ ਪਹੁੰਚ ਰਾਹੀਂ ਲੋਕਾਂ ਨੂੰ ਲਾਭ ਹੋਵੇਗਾ। ਬਜਟ 2022 ਵਿੱਚ ਸੂਬੇ ਵਿੱਚ ਸੇਵਾਵਾਂ ਦਾ ਵਿਸਤਾਰ ਕਰਨ ਲਈ ਅਤੇ ਬੇਘਰੀ ਪ੍ਰਤੀ ਪਹੁੰਚ ਨੂੰ ਪ੍ਰਤੀਕਿਰਿਆਸ਼ੀਲ ਤੋਂ ਅਗੇਤਰੀ ਕਿਰਿਆਸ਼ੀਲ ਬਣਾਉਣ ਲਈ ਮਾਲੀ ਯੋਜਨਾ ਦੌਰਾਨ $633 ਮਿਲੀਅਨ ਦਾ ਨਿਵੇਸ਼ ਕੀਤਾ ਗਿਆ ਹੈ ਜਿਸ ਅਧੀਨ ਅਜਿਹਾ ਕੀਤਾ ਜਾਏਗਾ:

- ਦੇਖਭਾਲ ਅਧੀਨ ਰਹਿ ਚੁੱਕੇ ਨੌਜਵਾਨਾਂ ਲਈ ਉਨ੍ਹਾਂ ਦੇ 19ਵੇਂ ਜਨਮਦਿਨ ਤੋਂ ਅਗਾਂਹ ਵੀ ਉਨ੍ਹਾਂ ਲਈ ਸਹਾਇਤਾ ਸਾਧਨਾ ਵਿੱਚ ਸੁਧਾਰ ਕਰ ਕੇ ਉਨ੍ਹਾਂ ਲਈ ਬੇਘਰੀ ਦੇ ਵਧੇ ਹੋਏ ਖ਼ਤਰੇ ਪ੍ਰਤੀ ਕਾਰਵਾਈ ਕਰਨ ਲਈ ਅਗਲੇ ਤਿੰਨ ਸਾਲਾਂ ਦੌਰਾਨ $35 ਮਿਲੀਅਨ ਮੁਹੱਈਆ ਕਰਾਏ ਜਾਣਗੇ।
    - 2022-23 ਤੋਂ ਸ਼ੁਰੂ ਹੋ ਕੇ, ਜੋ ਆਰਜ਼ੀ ਰਿਹਾਇਸ਼ਾਂ ਅਤੇ ਸਹਾਇਤਾ ਦੇ ਪ੍ਰਬੰਧ 2020 ਵਿੱਚ ਮੁਹੱਈਆ ਕਰਾਏ ਗਏ ਸਨ ਨੂੰ ਸਥਾਈ ਬਣਾ ਦਿੱਤਾ ਜਾਏਗਾ, ਅਤੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਲਈ $600 ਪ੍ਰਤੀ ਮਹੀਨਾ ਦੇ ਨਵੇਂ ਰੈਂਟ ਸਪਲੀਮੈਂਟ ਸ਼ੁਰੂ ਕੀਤੇ ਜਾਣਗੇ।
    - 2023-24 ਅਤੇ 2024-25 ਦੇ ਸਮੇਂ ਦੌਰਾਨ, ਯੰਗ ਐਡਲਟਸ ਪ੍ਰੋਗਰਾਮ ਨਾਲ ਹੋਏ ਸਮਝੌਤੇ ਦਾ ਦਾਇਰਾ ਵਧਾ ਕੇ ਇਸ ਵਿੱਚ ਕਾਉਂਸਲਿੰਗ, ਮੈਡੀਕਲ ਭੱਤੇ ਅਤੇ ਹੋਰ ਜੀਵਨ-ਜਾਚ ਸਬੰਧਤ ਪ੍ਰੋਗਰਾਮ ਸ਼ਾਮਲ ਕੀਤੇ ਜਾਣਗੇ। ਆਮਦਨੀ ਵਿੱਚ ਸਹਾਇਤਾ ਵਿੱਚ ਵੀ ਸੁਧਾਰ ਕੀਤਾ ਜਾਏਗਾ ਜਿਸ ਵਿੱਚ ਆਮਦਨ ਸਬੰਧੀ ਛੋਟ ਸ਼ਾਮਲ ਹੋਵੇਗੀ ਤਾਂ ਨੌਜਵਾਨਾਂ ਨੂੰ ਕੰਮ ਕਰਨ ਅਤੇ ਭੱਤੇ ਹਾਸਲ ਕਰਨ ਦਰਮਿਆਨ ਚੋਣ ਨਾ ਕਰਨੀ ਪਵੇ।
- ਅਗਲੇ ਤਿੰਨ ਸਾਲਾਂ ਦੌਰਾਨ, 3,000 ਤੋਂ ਵੱਧ ਲੋਕਾਂ ਲਈ $600 ਪ੍ਰਤੀ ਮਹੀਨਾ ਦੇ ਰੈਂਟ ਸਪਲੀਮੈਂਟ ਸ਼ੁਰੂ ਕੀਤੇ ਜਾਣਗੇ ਤਾਂ ਕਿ ਉਹ ਸਮੁੱਚੇ ਸਹਾਇਤਾ ਸਾਧਨ ਵਾਲੀਆਂ ਪੱਕੀਆਂ ਰਿਹਾਇਸ਼ਾਂ ਹਾਸਲ ਕਰ ਸਕਣ।
- ਬੇਘਰੀ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਲਈ ਮੌਜੂਦਾ ਕਮਿਉਨਿਟੀ ਇੰਟੈਗ੍ਰੇਸ਼ਨ ਸਪੈਸ਼ਲਿਸਟਾਂ ਦੀ ਗਿਣਤੀ ਦੁੱਗਣੀ ਕੀਤੀ ਜਾਏਗੀ ਤਾਂ ਕਿ ਪੂਰੇ ਸੂਬੇ ਵਿੱਚ ਲੋਕਾਂ ਦੁਆਰਾ ਸਰਕਾਰੀ ਪ੍ਰੋਗਰਾਮਾਂ ਅਤੇ ਭਾਈਚਾਰਿਆਂ ਅੰਦਰ ਉਪਲਬਧ ਸਹਾਇਤਾ ਸਾਧਨਾਂ ਦਾ ਸੰਚਾਲਨ ਕਰ ਸਕਣ ਵਿੱਚ ਮਦਦ ਕੀਤੀ ਜਾ ਸਕੇ।
- ਤਿੰਨ ਸਾਲਾਂ ਦੌਰਾਨ $164 ਮਿਲੀਅਨ ਦੇ ਨਿਵੇਸ਼ ਰਾਹੀਂ ਪੂਰੇ ਬੀ ਸੀ ਵਿੱਚ ਆਪਣੀ ਕਿਸਮ ਦੇ ਸਭ ਤੋਂ ਪਹਿਲੇ ਕੰਪਲੈਕਸ ਕੇਅਰ ਹਾਊਸਿੰਗ ਮਾਡਲ ਦਾ ਘੱਟੋ-ਘੱਟ 20 ਹੋਰ ਥਾਂਵਾਂ ਤੱਕ ਵਿਸਤਾਰ ਕਰਨਾ ਤਾਂ ਕਿ ਗੰਭੀਰ ਮਾਨਸਕ ਸਿਹਤ ਵਾਲੇ, ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਨਾਲ ਜੁੜੇ ਮਾਮਲਿਆਂ ਵਾਲੇ, ਸਦਮੇ ਕਾਰਣ ਜਾਂ ਸੱਟ ਲੱਗੀ ਹੋਣ ਕਰਕੇ ਹੋਏ ਦਿਮਾਗੀ ਨੁਕਸਾਨ ਵਾਲੇ 500 ਤੱਕ ਲੋਕਾਂ ਦੀ ਮਦਦ ਕੀਤੀ ਜਾ ਸਕੇ ਜਿਹੜੇ ਮੌਜੂਦਾ ਸਮੇਂ ਬੇਘਰ ਹਨ ਜਾਂ ਜਿਨ੍ਹਾਂ ਕੋਲ ਪੱਕੀ ਰਿਹਾਇਸ਼ ਨਹੀਂ।
- ਇਹ ਨਿਸ਼ਚਿਤ ਕੀਤਾ ਜਾਏਗਾ ਕਿ ਅਜਿਹੇ 3,000 ਤੱਕ ਲੋਕ ਜਿਹੜੇ ਕੋਵਿਡ-19 ਮਹਾਮਾਰੀ ਦੇ ਦੌਰਾਨ ਕਿਰਾਏ ਤੇ ਲਈਆਂ ਜਾਂ ਕੀਮਤ ਅਦਾ ਕਰ ਕੇ ਲਈਆਂ ਹੋਟਲ ਵਰਗੀਆਂ ਜਾਂ ਹੋਰਨਾਂ ਥਾਂਵਾਂ 'ਤੇ ਆਰਜ਼ੀ ਤੌਰ ਤੇ ਰਹਿ ਰਹੇ ਸਨ, ਨੂੰ ਪੱਕੀ ਰਿਹਾਇਸ਼ ਵੱਲ ਤਬਦੀਲ ਕਰਨ ਲਈ ਤਿੰਨ ਸਾਲਾਂ ਦੌਰਾਨ $264 ਮਿਲੀਅਨ ਦਾ ਨਿਵੇਸ਼ ਕੀਤਾ ਜਾਏਗਾ। ਇਸ ਵਿੱਚ ਮੌਜੂਦਾ ਸਮੇਂ ਆਰਜ਼ੀ ਰਿਹਾਇਸ਼ਾਂ ਵਿੱਚ ਰਹਿ ਰਹੇ ਲੋਕਾਂ ਦੇ ਕੁੱਝ ਹਿੱਸੇ ਲਈ ਪੱਕੀਆਂ ਰਿਹਾਇਸ਼ਾਂ ਹਾਸਲ ਕਰਨ ਅਤੇ ਉਨ੍ਹਾਂ ਦਾ ਸੰਚਾਲਨ ਕਰਨ ਲਈ ਦਿੱਤੀ ਜਾਣ ਵਾਲੀ ਮਾਲੀ ਮਦਦ ਦੇ ਨਾਲ ਨਾਲ $150 ਮਿਲੀਅਨ ਪੈਨਡੈਮਿਕ ਅਤੇ ਰਿਕਵਰੀ ਅਚਨਚੇਤੀ ਰਕਮਾਂ ਦੇ ਰੂਪ ਵਿੱਚ ਦਿੱਤੇ ਜਾਣਗੇ ਤਾਂ ਕਿ ਜਿੱਥੇ ਲੋੜ ਹੋਵੇ, ਪੱਕੀ ਰਿਹਾਇਸ਼ ਲਈ ਵਿਕਲਪ ਉਪਲਬਧ ਹੋਣ ਤੱਕ ਕੁਝ ਆਰਜ਼ੀ ਥਾਂਵਾਂ ਵਿੱਚ ਵਾਧਾ ਹੋ ਸਕੇ।

## ਸਹਾਇਤਾ ਦੀ ਜ਼ਰੂਰਤ ਵਾਲੇ ਬੱਚਿਆਂ ਦੇ ਪਰਿਵਾਰਾਂ ਲਈ ਬਿਹਤਰ ਸੇਵਾਵਾਂ ਵੱਲ ਤਬਦੀਲ ਹੋਣ ਦੀ ਸ਼ੁਰੂਆਤ

ਬਜਟ 2022 ਵਿੱਚ ਤਿੰਨ ਸਾਲਾਂ ਦੌਰਾਨ $172 ਮਿਲੀਅਨ ਦੇ ਨਿਵੇਸ਼ ਰਾਹੀਂ ਪੂਰੇ ਸੂਬੇ ਵਿੱਚ ਸਹਾਇਤਾ ਦੀ ਲੋੜ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਵਧੇਰੇ ਪਹੁੰਚ-ਯੋਗ ਅਤੇ ਸਮਾਵੇਸ਼ੀ ਸੇਵਾਵਾਂ ਵੱਲ ਤਬਦੀਲ ਹੋਣ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਵਿੱਚ ਪੂਰੇ ਸੂਬੇ ਵਿੱਚ ਪਰਿਵਾਰਕ ਸੰਪਰਕ ਸੈਂਟਰ ਸਥਾਪਤ ਕਰਨਾ ਸ਼ਾਮਲ ਹੈ। ਇਸ ਰਕਮ ਵਿੱਚੋਂ, ਬਜਟ 2022 ਰਾਹੀਂ ਇੱਕ ਲੋੜ ਅਧਾਰਤ ਸਿਸਟਮ ਵੱਲ ਤਬਦੀਲ ਹੋਣ ਦਾ ਆਰੰਭ ਕਰਨ ਲਈ $114 ਮਿਲੀਅਨ ਨਿਵੇਸ਼ ਕੀਤਾ ਜਾ ਰਿਹਾ ਹੈ ਜਿਸ ਰਾਹੀਂ ਦੋ ਖੇਤਰਾਂ ਵਿੱਚ ਜਲਦੀ ਹੀ ਇਸਨੂੰ ਲਾਗੂ ਕੀਤਾ ਜਾਏਗਾ। ਇਨ੍ਹਾਂ ਪਾਇਲਟਾਂ ਤੋਂ ਹਾਸਲ ਹੋਣ ਨਤੀਜਿਆਂ ਰਾਹੀਂ ਸੂਬਾਈ ਪੱਧਰ ‘ਤੇ ਲਾਗੂ ਕੀਤੇ ਜਾਣ ਵਾਲੇ ਇੱਕ ਸਿਸਟਮ ਨੂੰ ਵਿਕਸਤ ਅਤੇ ਲਾਗੂ ਕਰਨ ਲਈ ਜਾਣਕਾਰੀ ਹਾਸਲ ਹੋਵੇਗੀ ਜਿਸਨੂੰ 2025 ਤੱਕ ਲਾਗੂ ਕੀਤਾ ਜਾਣਾ ਹੈ।

ਇਸ ਸਮੁੱਚੀ ਮਾਲੀ ਮਦਦ ਰਾਹੀਂ ਮਾਲੀ ਯੋਜਨਾ ਦੇ ਸਮੇਂ ਦੌਰਾਨ, $58 ਮਿਲੀਅਨ ਦਾ ਵਾਧਾ ਕਰ ਕੇ, ਇਸ ਸਹਾਇਤਾ ਤੱਕ ਪਹੁੰਚ ਕਰਨ ਵਾਲੇ ਬੱਚਿਆਂ ਅਤੇ ਨੌਜਵਾਨਾਂ ਦੀ ਵੱਧ ਰਹੀ ਗਿਣਤੀ ਦੇ ਲਿਹਾਜ਼ ਨਾਲ ਵੀ ਕਾਰਵਾਈ ਹੋ ਸਕੇਗੀ।

## ਕਾਮੁਕ ਹਮਲਿਆਂ ਤੋਂ ਬਚੇ ਵਿਅਕਤੀਆਂ ਲਈ ਸਹਾਇਤਾ ਸਾਧਨ

ਬਜਟ 2022 ਵਿੱਚ ਤਕਰੀਬਨ 50 ਭਾਈਚਾਰਾ ਅਧਾਰਿਤ ਕਾਮੁਕ ਹਮਲਿਆਂ ਪ੍ਰਤੀ ਕਾਰਵਾਈ ਕਰਨ ਵਾਲੀਆਂ ਸੰਸਥਾਵਾਂ, ਉਹ ਕਟੌਤੀਆਂ ਨੂੰ ਖਤਮ ਕਰਕੇ ਜੋ ਇਨ੍ਹਾਂ ਸੇਵਾਵਾਂ ਵਿੱਚ 2022 ਵਿੱਚ ਕੀਤੀਆਂ ਗਈਆਂ ਸਨ, ਕਾਮੁਕ ਹਮਲਿਆਂ ਤੋਂ ਬਚ ਰਹੇ ਵਿਅਕਤੀਆਂ ਨੂੰ ਬੁਨਿਆਦੀ ਮਾਲੀ ਮਦਦ ਮੁਹੱਈਆ ਕਰਾ ਕੇ ਉਨ੍ਹਾਂ ਦੀ ਮਦਦ ਕਰਨ ਲਈ ਨਿਵੇਸ਼ ਕੀਤਾ ਗਿਆ ਹੈ। ਇਨ੍ਹਾਂ ਸੰਸਥਾਵਾਂ ਨੂੰ ਇਸੇ ਵਿਸ਼ੇਸ਼ ਕਾਰਜ ਲਈ, ਨਿਰੰਤਰ ਮਾਲੀ ਮਦਦ ਮਿਲੇਗੀ ਤਾਂ ਕਿ ਕ੍ਰਿਟੀਕਲ ਕਰਾਈਸਿਸ ਰਿਸਪੌਂਸ, ਕੌਂਸਲਿੰਗ ਪ੍ਰੀਵੈਂਟੇਟਿਵ ਮੈਡੀਕੇਸ਼ਨ, ਫੌਰੈਂਸਿਕ ਜਾਂਚ ਅਤੇ ਪੁਲਿਸ ਅਤੇ ਬਾਲ ਸੁਰੱਖਿਆ ਸੇਵਾਵਾਂ ਨੂੰ ਸੂਚਿਤ ਕਰਨ ਲਈ ਢੰਗ ਤਰੀਕੇ ਮੁਹੱਇਆ ਕਰਾਏ ਜਾ ਸਕਣ।

## ਸੁਰੱਖਿਅਤ, ਸਵਾਗਤੀ ਕੇ-12 ਸਕੂਲ

ਬਜਟ 2022 ਵਿੱਚ ਮਾਲੀ ਯੋਜਨਾ ਦੌਰਾਨ, $664 ਮਿਲੀਅਨ ਤੋਂ ਵੱਧ ਅਤਿਰਿਕਤ ਮਾਲੀ ਮਦਦ ਵੱਜੋਂ ਦੇ ਕੇ ਕੇ-12 ਵਧ ਰਹੇ ਦਾਖਲੇ ਪ੍ਰਤੀ ਕਾਰਵਾਈ ਕੀਤੀ ਗਈ ਹੈ ਜਿਸ ਨਾਲ ਕੇ-12 ਸਿੱਖਿਆ ਲਈ ਕੁੱਲ ਸਾਲਾਨਾ ਮਾਲੀ ਮਦਦ 2024-25 ਤੱਕ ਵਧ ਕੇ $7.3 ਬਿਲੀਅਨ ਤੋਂ ਵੱਧ ਹੋ ਜਾਏਗੀ। ਇਸ ਨਿਵੇਸ਼ ਨਾਲ:

- ਸਕੂਲ ਡਿਸਟ੍ਰਿਕਟਾਂ ਵਿੱਚ ਵਧ ਰਹੇ ਦਾਖਲੇ ਲਈ ਮਾਲੀ ਮਦਦ ਵਿਚ ਵਾਧਾ ਹੋਵੇਗਾ, ਦੇਖਭਾਲ ਅਧੀਨ ਬੱਚਿਆਂ ਅਤੇ ਨੌਜਵਾਨਾਂ, ਮੂਲਵਾਸੀ ਵਿਦਿਅਰਥੀਆਂ, ਗ੍ਰਾਮੀਣ ਸਕੂਲ ਡਿਸਟ੍ਰਿਕਟਾਂ ਅਤੇ ਸਹਾਇਤਾ ਦੀਆਂ ਲੋੜਾਂ ਵਾਲੇ ਵਿਦਿਆਰਥੀਆਂ ਲਈ ਨਿਰਧਾਰਤ ਰਕਮਾਂ ਪ੍ਰਦਾਨ ਕਰਨਾ ਜਾਰੀ ਰੱਖਿਆ ਜਾਵੇਗਾ।
- ਕਲਾਸ ਰੂਮ ਐਨਹਾਂਸਮੈਂਟ ਫੰਡ ਰਾਹੀਂ ਤਕਰੀਕਬ 4,500 ਅਧਿਆਪਕ, ਜਿਨਾਂ ਵਿੱਚ 700 ਵਿਸ਼ੇਸ਼ ਸਿੱਖਿਆ ਅਧਿਆਪਕ ਅਤੇ 200 ਤੋਂ ਵੱਧ ਅਧਿਆਪਕ ਮਨੋਵਿਗਿਆਨੀ ਅਤੇ ਕਾਉਂਸਲਰ ਸ਼ਾਮਲ ਹਨ, ਲਈ ਸਹਾਇਤਾ ਜਾਰੀ ਰੱਖੀ ਜਾਏਗੀ।

ਬਜਟ 2022 ਵਿੱਚ ਅਗਲੇ ਤਿੰਨ ਸਾਲਾਂ ਦੌਰਾਨ $3.1 ਬਿਲੀਅਨ ਨਵੀਂ ਪੂੰਜੀਗਤ ਮਾਲੀ ਮਦਦ ਵੱਜੋਂ ਵੀ ਸ਼ਾਮਲ ਕੀਤੇ ਗਏ ਹਨ ਤਾਂ ਕਿ ਪੂਰੇ ਸੂਬੇ ਵਿੱਚ ਸਕੂਲਾਂ ਦਾ ਨਿਰਮਾਣ ਅਤੇ ਦੇਖ ਭਾਲ ਕੀਤੀ ਜਾ ਸਕੇ ਅਤੇ ਭੁਚਾਲ ਤੋਂ ਸੁਰੱਖਿਅਤ ਰੱਖਣ ਦੇ ਲਿਹਾਜ਼ ਨਾਲ ਉਨ੍ਹਾਂ ਦਾ ਪੱਧਰ ਵਧਾਇਆ ਜਾ ਸਕੇ।

## ਬਿਹਤਰ ਪਹੁੰਚ-ਯੋਗਤਾ

ਬਜਟ 2022 ਵਿੱਚ ਅਗਲੇ ਤਿੰਨ ਸਾਲਾਂ ਦੌਰਾਨ $3 ਮਿਲੀਅਨ ਤੋਂ ਵੱਧ ਨਵੀਂ ਮਾਲੀ ਮਦਦ ਵੱਜੋਂ ਮੁਹੱਈਆ ਕਰਾਏ ਗਏ ਹਨ ਤਾਂ ਕਿ ਅਪੰਗਤਾਂ ਵਾਲੇ ਵਿਅਕਤੀਆਂ ਲਈ ਇੱਕ ਪਹੁੰਚ-ਯੋਗਤਾ ਯੋਜਨਾ ਵਿਕਸਤ ਕੀਤੀ ਜਾ ਸਕੇ, ਪਹੁੰਚ-ਯੋਗਤਾ ਵਧਾਉਣ ਲਈ ਕਾਨੂੰਨ ਬਣਾਏ ਜਾ ਸਕਣ ਅਤੇ ਇੱਕ ਸੂਬਾਈ ਪਹੁੰਚ-ਯੋਗਤਾ ਕਮੇਟੀ ਸਥਾਪਤ ਕੀਤੀ ਜਾ ਸਕੇ।

**ਸਮਾਵੇਸ਼ ਅਤੇ ਨਸਲਵਾਦ-ਵਿਰੋਧ**

ਸੂਬਾ ਸਰਕਾਰ ਪੂਰੇ ਸੂਬੇ ਵਿਚਲੇ ਭਾਈਚਾਰਿਆਂ ਨਾਲ ਭਾਈਵਾਲੀ ਅਧੀਨ ਸਹਿਯੋਗ ਕਰ ਰਹੀ ਹੈ ਤਾਂ ਕਿ ਨਸਲਵਾਦ-ਵਿਰੋਧੀ ਡੇਟਾ ਕਾਨੂੰਨ ਦਾ ਖਰੜਾ ਤਿਆਰ ਕੀਤਾ ਜਾ ਸਕੇ ਜਿਸਨੂੰ 2022 ਦੀ ਬਹਾਰ ਵਿੱਚ ਪੇਸ਼ ਕੀਤਾ ਜਾਣਾ ਹੈ। ਇਸ ਕਾਨੂੰਨ ਰਾਹੀਂ ਸਰਕਾਰ ਨੂੰ ਇਕਸਾਰ ਢੰਗ ਨਾਲ ਅਬਾਦੀ ਸਬੰਧੀ ਅੰਕੜਿਆਂ ਨੂੰ ਇਕੱਤਰ ਕਰ ਸਕਣ, ਉਨ੍ਹਾਂ ਦੀ ਵਰਤੋਂ ਅਤੇ ਜਾਰੀ ਕਰਨ ਦੀ ਸਮਰੱਥਾ ਹਾਸਲ ਕਰ ਸਕਣ ਨਾਲ, ਬਿਹਤਰ ਅਤੇ ਵਧੇਰੇ ਨਿਆਂਪੂਰਣ ਸੇਵਾਵਾਂ ਮੁਹੱਈਆ ਕਰਾਉਣ ਵਿੱਚ ਮਦਦ ਮਿਲੇਗੀ ਅਤੇ ਮੂਲਵਾਸੀ ਅਤੇ ਨਸਲ-ਅਧਾਰਤ ਭਾਈਚਾਰਿਆਂ ਨੂੰ ਮਿਲਣ ਵਾਲੀਆਂ ਸੇਵਾਵਾਂ ਵਿਚਲੇ ਪਾੜਿਆਂ ਦੀ ਪਛਾਣ ਕਰਨ ਵਿੱਚ ਮਦਦ ਮਿਲੇਗੀ।

ਸਰਕਾਰ ਮੂਲਵਾਸੀ, ਕਾਲੇ ਅਤੇ ਹੋਰ ਨਸਲ-ਅਧਾਰਤ ਭਾਈਚਾਰਿਆਂ ਨਾਲ ਵਿਚਾਰ ਵਟਾਂਦਰੇ ਰਾਹੀਂ ਬੀ ਸੀ ਦੇ ਮੁਢਲੇ ਨਸਲਵਾਦ-ਵਿਰੋਧੀ ਐਕਟ ਦਾ ਖਰੜਾ ਤਿਆਰ ਕਰਨ ਲਈ ਸਹਿਯੋਗ ਕਰਨ ਰਹੀ ਹੈ ਤਾਂ ਕਿ ਬਿਨਾਂ ਇਸ ਗੱਲ ਦਾ ਖ਼ਿਆਲ ਕੀਤਿਆਂ ਕਿ ਕਿਸੇ ਦੀ ਨਸਲ, ਚਮੜੀ ਦਾ ਰੰਗ ਜਾਂ ਅਕੀਦਾ ਕੀ ਹੈ, ਬੀ ਸੀ ਨੂੰ ਹਰ ਕਿਸੇ ਲਈ ਵਧੇਰੇ ਸਮਾਵੇਸ਼ੀ ਅਤੇ ਨਿਆਂਪੂਰਣ ਸੂਬਾ ਬਣਾਇਆ ਜਾ ਸਕੇ।

ਇਸ ਨਾਲ ਸੂਬੇ ਵਿੱਚ ਨਸਲਵਾਦ ਦਾ ਮੁਕਾਬਲਾ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਮਜ਼ਬੂਤ ਹੋਣਗੀਆਂ ਜਿਸ ਵਿੱਚ ਪੁਲਿਸ ਐਕਟ ਦਾ ਆਧੁਨਿਕੀਕਰਣ, ਕੇ-12 ਨਸਲਵਾਦ ਵਿਰੋਧੀ ਯੋਜਨਾ ਦਾ ਵਿਕਾਸ ਕਰਨਾ ਅਤੇ ਸਿਹਤ-ਸੰਭਾਲ ਦੇ ਖੇਤਰ ਵਿੱਚ ਮੂਲਵਾਸੀ-ਵਿਰੋਧੀ ਨਸਲਵਾਦ ਨਾਲ ਨਜਿੱਠਣਾ ਸ਼ਾਮਲ ਹੈ। ਇਸ ਮਾਲੀ ਮਦਦ ਨਾਲ ਸੂਬੇ ਭਰ ਵਿੱਚ ਨਸਲਵਾਦ-ਵਿਰੋਧੀ ਜਾਗ੍ਰਿਤੀ ਮੁਹਿੰਮ, ਇੱਕ ਸੂਬਾਈ ਨਸਲਵਾਦ-ਵਿਰੋਧੀ ਨੈੱਟਵਰਕ, ਰੈਜ਼ੀਲੀਐਂਸ ਬੀ ਸੀ, ਅਤੇ ਉਸ ਦੇ ਨਾਲ ਨਾਲ ਅਜਿਹੀਆਂ 190 ਭਾਈਚਾਰਕ ਸੰਸਥਾਵਾਂ ਨੂੰ ਮਦਦ ਮਿਲਦੀ ਰਹੇਗੀ ਜੋ ਬੀ ਸੀ ਵਿੱਚ ਨਸਲਵਾਦ ਦਾ ਸਮਾਧਾਨ ਕਰਨ ਲਈ ਅਤੇ ਵਿਵਿਧਤਾ ਲਈ ਕੰਮ ਕਰ ਰਹੀਆਂ ਹਨ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 213-7724

---

ਬੀ ਸੀ ਦੀ ਸੂਬਾ ਸਰਕਾਰ ਨਾਲ news.gov.bc.ca/connect ‘ਤੇ ਸੰਪਰਕ ਕਰੋ।